NHS

# ਅੱਤ ਜਲਦੀ ਸਪੁਰਦਗੀਆਂ ਬਾਰੇ ਮਰੀਜ਼ ਜਾਣਕਾਰੀ (Patient information for urgent referrals)

ਇਹ ਜਾਣਕਾਰੀ ਪਰਚਾ ਸਪਸ਼ਟੀਕਰਨ ਦਿੰਦਾ ਹੈ ਕਿ ਤੁਹਾਡੇ ਜੀ.ਪੀ. ਜਾਂ ਦੰਦਸਾਜ ਨੇ ਤੁਹਾਨੂੰ ਹਸਪਤਾਲ ਦੇ ਸਪੁਰਦ ਕਿਉਂ ਕੀਤਾ ਹੈ, ਇਸ ਦਾ ਕੀ ਮਤਬਲ ਹੈ ਅਤੇ  ਤੁਹਾਨੂੰ ਕੀ ਜਾਣਨ ਦੀ ਲੋੜ ਹੈ

## ਮੈਨੂੰ ਹਸਪਤਾਲ ਦੇ ਅੱਤ ਜਲਦੀ ਸਪੁਰਦ ਕਿਉਂ ਕੀਤਾ ਗਿਆ ਹੈ?

ਤੁਹਾਨੂੰ ਅੱਤ ਜਲਦੀ ਸਪੁਰਦ ਇਸ ਕਰਕੇ ਕੀਤਾ ਗਿਆ ਹੈ ਕਿਉਂ ਕਿ ਤੁਹਾਡਾ ਜੀ.ਪੀ. ਜਾਂ ਦੰਦਸਾਜ ਅਨੁਭਵ ਕਰਦੇ ਹਨ ਕਿ ਤੁਹਾਡੇ ਰੋਗ ਲੱਛਣਾਂ ਦੀ ਹੋਰ ਜਾਂਚ ਕਰਨ ਦੀ ਲੋੜ ਹੈ ਅਤੇ ਤੁਹਾਨੂੰ ਮਾਹਿਰ ਦੇ ਸਪੁਰਦ ਕਰ ਦਿੱਤਾ ਗਿਆ ਹੈ। ਕਈ ਆਮ ਦਸ਼ਾਵਾਂ ਹਨ ਜਿਨ੍ਹਾਂ ਨਾਲ ਇਹ ਰੋਗ ਲੱਛਣ ਸੰਬੰਧਿਤ ਹੋ ਸਕਦੇ ਹਨ, ਜਿਨ੍ਹਾਂ ਵਿੱਚ ਕੈਂਸਰ ਹੋਣ ਦੀ ਸੰਭਾਵਨਾ ਵੀ ਸ਼ਾਮਲ ਹੈ।

ਕਿਉਂ ਕਿ ਇਹ ਸਪੁਰਦਗੀ ਅੱਤ ਜਲਦੀ ਹੈ, ਇਸ ਦਾ ਮਤਬਲ ਹੈ ਕਿ ਤੁਹਾਨੂੰ ਹਸਪਤਾਲ ਵਿੱਚ ਦੋ ਹਫ਼ਤਿਆਂ ਅੰਦਰ ਅਪੌਇੰਟਮੈਂਟ ਦਿੱਤੀ ਜਾਵੇਗੀ।

## ਕੀ ਇਸ ਦਾ ਮਤਬਲ ਹੈ ਕਿ ਮੈਨੂੰ ਕੈਂਸਰ ਹੈ?

ਅੱਤ ਜਲਦੀ ਸਪੁਰਦਗੀ ਦਾ ਜਰੂਰੀ ਮਤਬਲ ਨਹੀਂ ਕਿ ਤੁਹਾਨੂੰ ਕੈਂਸਰ ਹੋ ਗਿਆ ਹੈ। ਬਹੁਤੇ ਲੋਕਾਂ ਨੂੰ, ਜਿਨ੍ਹਾਂ ਦੀ ਅੱਤ ਜਲਦੀ ਸਪੁਰਦੀ ਹੁੰਦੀ ਹੈ ਕੈਂਸਰ ਨਹੀਂ ਹੁੰਦਾ। ਐਪਰ, ਤੁਹਾਨੂੰ ਇਸ ਕਰਕੇ ਸਪੁਰਦ ਕੀਤਾ ਗਿਆ ਹੈ ਕਿਉਂ ਕਿ ਤੁਹਾਨੂੰ ਮਾਹਿਰ ਨੂੰ ਦੇਖਣ ਦੀ ਲੋੜ ਹੈ ਜਾਂ ਕੁੱਝ ਜਾਂਚਾ ਜਲਦੀ ਕਰਾਉਣ ਦੀ ਲੋੜ ਹੈ ਪਤਾ ਕਰਨ ਲਈ ਕਿ ਤੁਹਾਡੇ ਸਰੀਰ ਵਿੱਚ ਕੀ ਨੁਕਸ ਹੈ।

ਉਸ ਸਥਿੱਤੀ ਵਿੱਚ ਜੇਕਰ ਕੈਂਸਰ ਦੀ ਰੋਗ ਪਛਾਣ ਹੋ ਗਈ, ਤਾਂ ਫਿਰ ਯਕੀਨੀ ਬਣਾਉਣ ਨਾਲ ਕਿ ਰੋਗ ਪਛਾਣ ਪਹਿਲਾਂ ਹੀ ਕੀਤੀ ਗਈ ਹੈ ਦਾ ਮਤਬਲ ਹੁੰਦਾ ਹੈ ਕਿ ਇਲਾਜ਼ ਦਾ ਵਧੇਰੇ ਅਸਰਦਾਰ ਹੋਣ ਦੀ ਸੰਭਾਵਨਾ ਹੁੰਦੀ ਹੈ ਅਤੇ ਇਸੇ ਕਰਕੇ ਇਹ ਮਹਤੱਵਪੂਰਨ ਹੈ ਕਿ ਸਪੁਰਦਗੀ ਕਰਨ ਤੋਂ 2 ਹਫ਼ਤਿਆਂ ਅੰਦਰ ਤੁਹਾਨੂੰ ਦੇਖਿਆ ਜਾਵੇ।

## ਮੈਨੂੰ ਕੀ ਕਰਨ ਦੀ ਲੋੜ ਹੈ?

- ਯਕੀਨੀ ਬਣਾਉ ਕਿ ਤੁਹਾਡੇ ਜੀ.ਪੀ. ਜਾਂ ਦੰਦਸਾਜ ਕੋਲ ਤੁਹਾਡਾ ਸਹੀ ਪਤਾ ਅਤੇ ਟੈਲੀਫ਼ੋਨ ਨੰਬਰ ਹੋਵੇ ਜਿਸ ਵਿੱਚ ਮੋਬਾਈਲ ਨੰਬਰ ਵੀ ਸ਼ਾਮਲ ਹੋਵੇ ਜੇ ਤੁਹਾਡੇ ਕੋਲ ਹੋਵੇ।
- ਯਕੀਨੀ ਬਣਾਓ ਕਿ ਅੱਗਲੇ ਦੋ ਹਫ਼ਤਿਆਂ ਦੌਰਾਨ ਤੁਸੀਂ ਅਪੌਇੰਟਮੈਂਟ ਲਈ ਉਪਲਬੱਧ ਹੋ। ਜੇ ਤੁਸੀਂ ਅੱਗਲੇ ਦੋ ਹਫ਼ਤਿਆਂ ਦੌਰਾਨ ਅਪੌਇੰਟਮੈਂਟ ਤੇ ਹਾਜ਼ਰ ਨਹੀਂ ਹੋ ਸਕਦੇ, ਤਾਂ ਕਿਰਪਾ ਕਰਕੇ ਆਪਣੇ ਜੀ.ਪੀ. ਜਾਂ ਦੰਦਸਾਜ ਨੂੰ ਜਰੂਰ ਦੱਸੋ।
- ਜੇ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਪਣੀ ਅਪੌਇੰਟਮੈਂਟ ਤੋਂ ਪਹਿਲਾਂ ਹਸਪਤਾਲ ਨੂੰ ਦੱਸੋ।

- ਇੱਕ ਵਾਰ ਜਦੋਂ ਤੁਸੀਂ ਆਪਣੀ ਅੱਤ ਜਲਦੀ ਅਪੌਇੰਟਮੈਂਟ ਪ੍ਰਤੀ ਸਹਿਮਤੀ ਕਰ ਲਈ, ਤਾਂ ਇਹ ਜਰੂਰੀ ਹੈ ਕਿ ਤੁਸੀਂ ਇਸ ਤੇ ਹਾਜ਼ਰ ਹੋਵੋਂ, ਤਾਂ ਕਿ ਤੁਹਾਡੀ ਦੇਖਭਾਲ ਕਰਨ ਵਿੱਚ ਦੇਰੀ ਨਾ ਹੋਵੇ।
- ਜੇ ਤੁਸੀਂ ਆਪਣੀ ਹਸਪਤਾਲ ਦੀ ਅਪੌਇੰਟਮੈਂਟ ਤੇ ਦੋ ਵਾਰ ਨਾ ਹਾਜ਼ਰ ਹੋਏ, ਤਾਂ ਤੁਹਾਨੂੰ ਤੁਹਾਡੇ ਜੀ.ਪੀ. ਜਾਂ ਦੰਦਸਾਜ ਕੋਲ ਵਾਪਸ ਭੇਜ ਦਿੱਤਾ ਜਾਵੇਗਾ। ਇਹ ਇਸ ਕਰਕੇ ਹੈ ਤਾਂ ਕਿ ਹੋਰ ਕਿਸੇ ਨੂੰ ਇਹ ਅਪੌਇੰਟਮੈਂਟ ਦਿੱਤੀ ਜਾ ਸਕੇ।

## ਅੱਗੇ ਕੀ ਹੋਵੇਗਾ?

ਕੁੱਝ ਦਿਨਾਂ ਅੰਦਰ ਹਸਪਤਾਲ ਤੁਹਾਨੂੰ ਚਿੱਠੀ ਜਾਂ ਟੈਲੀਫ਼ੋਨ ਦੁਆਰਾ ਅਪੌਇੰਟਮੈਂਟ ਭੇਜੇਗਾ। ਜੇ ਤੁਹਾਨੂੰ ਆਪਣੇ ਜੀ.ਪੀ. ਜਾਂ ਦੰਦਸਾਜ ਨੂੰ ਮਿਲਣ ਤੋਂ ਬਾਅਦ ਇੱਕ ਹਫ਼ਤੇ ਅੰਦਰ ਕੋਈ ਇਤਲਾਹ ਨਾ ਮਿਲੀ ਤਾਂ ਕਿਰਪਾ ਕਰਕੇ ਇਨ੍ਹਾਂ ਨੂੰ ਜਰੂਰ ਦੱਸੋ ਕਿ ਕਿ ਹਾਲੇ ਤੱਕ ਤੁਹਾਨੂੰ ਅਪੌਇੰਟਮੈਂਟ ਨਹੀਂ ਭੇਜੀ ਗਈ।

ਜਦੋਂ ਇੱਕ ਵਾਰ ਤੁਹਾਨੂੰ ਤੁਹਾਡੀ ਅਪੌਇੰਟਮੈਂਟ ਦੇ ਦਿੱਤੀ ਗਈ ਤਾਂ ਇਹ ਬਹੁਤ ਹੀ ਜਰੂਰੀ ਹੈ ਕਿ ਤੁਸੀਂ ਇਸ ਤੇ ਹਾਜ਼ਰ ਹੋਵੋਂ। ਜੇਕਰ ਤੁਸੀਂ ਆਪਣੀ ਅਪੌਇੰਟਮੈਂਟ ਤੇ ਹਾਜ਼ਰ ਨਾ ਹੋ ਸਕੋਂ ਤਾਂ ਕਿਰਪਾ ਕਰਕੇ ਹਸਪਤਾਲ ਨੂੰ ਤੁਰੰਤ ਦੱਸੋ। ਫਿਰ ਤੁਹਾਨੂੰ ਆਪ ਹੋਰ ਅਪੌਇੰਟਮੈਂਟ ਬਣਾਉਣੀ ਪਵੇਗੀ।

## ਹਸਪਤਾਲ ਵਿੱਚ ਕੀ ਹੋਵੇਗਾ?

ਜਦੋਂ ਤੁਹਾਡੀ ਹਸਪਤਾਲ ਦੀ ਅਪੌਇੰਟਮੈਂਟ ਹੋਵੇਗੀ ਤਾਂ ਉਸ ਸਮੇਂ ਆਮ ਤੌਰ ਤੇ ਤੁਸੀਂ ਮਾਹਿਰ ਨੂੰ ਮਿਲੋਂਗੇ ਜੋ ਤੁਹਾਨੂੰ ਕੁੱਝ ਹੋਰ ਜਾਣਕਾਰੀ ਦੇਵੇਗਾ ਕਿ ਅੱਗੇ ਕੀ ਹੋਣਾ ਹੈ। ਤੁਹਾਨੂੰ ਕੁੱਝ ਹੋਰ ਟੈਸਟ ਕਰਾਉਣ ਦੀ ਵੀ ਲੋੜ ਪੈ ਸਕਦੀ ਹੈ ਜਿਨ੍ਹਾਂ ਨਾਲ ਦੋਵੇਂ ਮਾਹਿਰ ਅਤੇ ਤੁਹਾਡੇ ਜੀ.ਪੀ. ਜਾਂ ਦੰਦਸਾਜ ਨੂੰ ਸਮਝਣ ਵਿੱਚ ਮਦਦ ਹੋਵੇਗੀ ਕਿ ਤੁਹਾਡੇ ਰੋਗ ਲੱਛਣਾਂ ਦਾ ਕੀ ਕਾਰਨ ਹੈ। ਜੇ ਤੁਹਾਨੂੰ ਤੁਹਾਡੀ ਅਪੌਇੰਟਮੈਂਟ ਦੌਰਾਨ ਕੋਈ ਟੈਸਟ ਕਰਾਉਣ ਦੀ ਲੋੜ ਪਈ ਤਾਂ ਤੁਹਾਨੂੰ ਪਹਿਲਾਂ ਦੱਸਿਆ ਜਾਵੇਗਾ, ਇਸ ਲਈ ਕਿਰਪਾ ਕਿਰਪਾ ਜੋ ਤੁਹਾਨੂੰ ਪਹਿਲਾਂ ਨਿਰਦੇਸ਼ ਦਿੱਤੇ ਗਏ ਹੋਣ ਪੱਕੇ ਤੌਰ ਤੇ ਉਨ੍ਹਾਂ ਦੀ ਪਾਲਣਾ ਕਰੋ।

ਤੁਸੀਂ ਬਹੁਤ ਖ਼ੁਸ਼ੀ ਨਾਲ ਆਪਣਾ ਦੋਸਤ ਜਾਂ ਪਰਿਵਾਰ ਦਾ ਜੀਅ ਨਾਲ ਲਿਆ ਸਕਦੇ ਹੋ, ਕਿਉਂ ਕਿ ਇਵੇਂ ਲਾਭਦਾਇੱਕ ਹੋ ਸਕਦਾ ਹੈ ਜੇਕਰ ਜੋ ਕੁੱਝ ਡਾਕਟਰੀ ਟੀਮ ਨੇ ਤੁਹਾਡੇ ਨਾਲ ਵਿਚਾਰ ਵਟਾਂਦਰਾ ਕਰਨਾ ਹੈ ਤੁਹਾਨੂੰ ਉਹ ਸਮਝਣ ਪ੍ਰਤੀ ਚਿੰਤਾਵਾਂ ਹੋਣ।

## ਕੋਈ ਸਵਾਲ?

ਜੇਕਰ ਤੁਹਾਨੂੰ ਤੁਹਾਡੇ ਹਸਪਤਾਲ ਦੇ ਸਪੁਰਦ ਕੀਤੇ ਜਾਣ ਪ੍ਰਤੀ ਕੋਈ ਚਿੰਤਾਵਾਂ ਜਾਂ ਸਵਾਲ ਹਣ, ਤਾਂ ਕਿਰਪਾ ਕਰਕੇ ਆਪਣੀ ਜੀ.ਪੀ. ਦੀ ਸਰਜਰੀ ਜਾਂ ਦੰਦਸਾਜ ਨੂੰ ਫ਼ੋਨ ਕਰੋ ਅਤੇ ਜਿਸ ਵਿਅਕਤੀ ਨੇ ਤੁਹਾਨੂੰ ਹਸਪਤਾਲ ਦੇ ਸਪੁਰਦ ਕੀਤਾ ਸੀ ਉਸ ਨਾਲ ਗੱਲ ਕਰੋ।